31 ਜੁਲਾਈ, 2020 (ਨਿਊ ਯਾਰਕ, NY) -- ਸਾਰੇ ਦੇਸ਼ ਵਿਚ ਵੱਖ ਵੱਖ ਸਟੇਟਾਂ COVID-19 ਮਹਾਂਮਾਰੀ ਦੇ ਦੌਰਾਨ ਪਬਲਿਕ ਜੀਵਨ ਨੂੰ ਮੁੜ ਖੋਲਣ ਦੇ ਵੱਖ ਵੱਖ ਪੜਾਵਾਂ ਦੀ ਤਿਆਰੀ ਕਰ ਰਹੀਆਂ ਹਨ। ਇਸ ਹਫਤੇ ਤਕ, 4.3 ਮਿਲੀਅਨ ਅਮਰੀਕੀਆਂ ਦੇ COVID-19 ਦੇ ਟੈਸਟ ਪਾਜ਼ਿਟਿਵ ਆਏ ਹਨ, ਅਤੇ ਜਨਵਰੀ ਤੋਂ ਲੈ ਕੇ ਹੁਣ ਤੱਕ 150,000 ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ। ਅਮਰੀਕਾ ਵਿਚ COVID-19 ਦੇ ਵਾਧੇ ਅਤੇ ਗਿਰਾਵਟ ਦੇ ਹਿਸਾਬ ਨਾਲ ਵੱਖ ਵੱਖ ਸਟੇਟਾਂ ਦੇ ਆਧਾਰ ਤੇ, ਲਗਭਗ 40 ਸਟੇਟਾਂ ਵਿੱਚ ਪਿਛਲੇ ਦੋ ਹਫਤਿਆਂ ਵਿੱਚ COVID-19 ਦੇ ਨਵੇਂ ਕੇਸਾਂ ਵਿਚ ਮਹੱਤਵਪੂਰਨ ਵਾਧਾ ਦੇਖਿਆ ਗਿਆ ਹੈ।

ਜਿਵੇਂ ਲੋਕਲ ਸਰਕਾਰਾਂ ਬਾਜ਼ਾਰਾਂ ਅਤੇ ਕੰਮਕਾਰਾਂ ਨੂੰ ਖੋਲਣ ਲਈ ਵੱਖ ਵੱਖ ਫ਼ੈਸਲੇ ਲੈਣਾ ਜਾਰੀ ਰੱਖ ਰਹੇ ਹਨ, ਸਿੱਖ ਕੋਲਿਸ਼ਨ ਸਾਰੀਆਂ ਨੂੰ ਤਾਕੀਦ ਕਰਦੀ ਹੈ ਕਿ COVID-19 ਦੇ ਸੰਪਰਕ ਵਿਚ ਆਉਣ ਦੀ ਸੰਭਾਵਨਾਵਾਂ ਨੂੰ ਘਟਾਉਣ ਲਈ ਸਿਹਤ ਲਈ ਜਾਰੀ ਹੋਈਆਂ ਹਿਦਾਇਤਾਂ ਅਤੇ ਸਲਾਹਾਂ ਨੂੰ ਹਲਕੇ ਵਿਚ ਨਾ ਲਿਆ ਜਾਵੇ। ਜੇ ਤੁਸੀਂ ਗੁਰਦਵਾਰੇ ਦੇ ਪ੍ਰੋਗਰਾਮਾਂ ਦੇ ਜ਼ਿੰਮੇਵਾਰ ਹੋ, ਤਾਂ ਕਿਰਪਾ ਕਰ ਕੇ ਹਰ ਮੁਮਕਿਨ ਕਦਮ ਚੁਕੋ ਜਿਸ ਨਾਲ ਗੁਰਦਵਾਰੇ ਦੇ ਵਿਚ ਕਿਸੇ ਵੀ ਸਮੇਂ ਤੇ **ਜ਼ਿਆਦਾ ਸੰਗਤ ਇਕੱਠੀ ਨਾ ਹੋ ਸਕੇ**, ਜਿਵੇਂ ਕਿ ਦੀਵਾਨ ਕੈਂਸਲ ਕਰਨਾ, ਵੱਡੇ ਪ੍ਰੋਗਰਾਮਾਂ ਨੂੰ ਮੁਲਤਵੀ ਕਰਨਾ ਜਿਵੇਂ ਕਿ ਨਗਰ ਕੀਰਤਨ ਜਿਥੇ ਇਕੱਠ ਜਮਾ ਹੋ ਸਕਦਾ ਹੋਵੇ। ਲੋਕਲ ਸੰਗਤ ਦੀ ਸੁਰੱਖਿਆ ਲਈ ਆਨਲਾਈਨ ਪ੍ਰੋਗਰਾਮਾਂ ਦਾ ਇੰਤਜ਼ਾਮ ਕਰਨ ਬਾਰੇ ਡੂੰਗਾ ਵਿਚਾਰ ਕਰੋ।

ਸਿੱਖ ਕੋਲਿਸ਼ਨ ਸਮਝਦੀ ਹੈ ਕਿ ਮਹਾਂਮਾਰੀ ਦੇ ਦੌਰਾਨ ਸੁਰੱਖਿਆ ਦੇ ਨਾਲ ਨਾਲ ਬੱਚਿਆਂ ਦੀ ਪੜ੍ਹਾਈ ਵੀ -- ਖਾਲਸਾ ਸਕੂਲਾਂ ਸਮੇਤ ਉਹਨੀਂ ਹੀ ਜ਼ਰੂਰੀ ਹੈ। ਅਸੀਂ ਸਲਾਹ ਦੇਂਦੇ ਹਾਂ ਕਿ ਆਉਣ ਵਾਲੇ ਕੁਝ ਸਮੇਂ ਤੱਕ ਖਾਲਸਾ ਸਕੂਲਾਂ ਨੂੰ ਆਨਲਾਈਨ ਪ੍ਰੋਗਰਾਮਾਂ ਤਕ ਸੀਮਤ ਰੱਖਣ ਬਾਰੇ ਵਿਚਾਰ ਕਰੋ। ਜੇ ਇਸ ਬਾਰੇ ਤੁਹਾਡੇ ਕੁਝ ਸਵਾਲ ਹਨ ਤਾਂ ਅਸੀਂ ਤੁਹਾਨੂੰ ਦੂੱਜੇ ਖਾਲਸਾ ਸਕੂਲਾਂ ਦੇ ਸੇਵਾਦਾਰਾਂ ਨਾਲ ਜੋੜ ਸਕਦੇ ਹਾਂ ਜੋ ਕਿ ਆਨਲਾਈਨ ਪ੍ਰੋਗਰਾਮ ਚਲਾ ਰਹੇ ਹਨ। ਜੇ ਤੁਹਾਡਾ ਗੁਰਦਵਾਰੇ ਦੇ ਪ੍ਰਬੰਧਨ ਵਿਅਕਤੀਗਤ ਪ੍ਰੋਗਰਾਮਾਂ, ਜਾਂ ਚਾਈਲਡ ਕੇਅਰ ਮੁਹਈਆ ਕਰਾਉਣ ਦਾ ਫ਼ੈਸਲਾ ਲੈਂਦੇ ਹਨ ਤਾਂ ਇਹ ਬਹੁਤ ਜ਼ਰੂਰੀ ਹੈ ਕਿ ਖਾਲਸਾ ਸਕੂਲ ਹਰ ਤਰਾਂਹ ਦੀਆਂ ਸਾਵਧਾਨੀਆਂ ਵਰਤਣ।

ਪਿਛਲੇ ਹਫ਼ਤੇ, ਸੈਂਟਰ ਫ਼ਾਰ ਡਿਜ਼ਿਸ ਕੰਟਰੋਲ (CDC) ਨੇ ਸਕੂਲਾਂ ਅਤੇ ਚਾਇਲਡ ਕੇਅਰ ਨਾਲ ਸੰਭਧਿਤ ਨਵੀਆਂ ਹਿਦਾਇਤਾਂ ਜਾਰੀ ਕਿੱਤਿਆਂ ਹਨ। ਇਹਨਾਂ ਹਿਦਾਇਤਾਂ ਨੂੰ ਮੁੱਢ ਬਣਾਇਆ ਗਿਆ ਸੀ, ਜਦੋਂ ਵ੍ਹਾਈਟ ਹਾਊਸ ਨੇ ਜਨਤਕ ਤੌਰ ਤੇ ਜਤਾਇਆ ਸੀ ਕਿ ਉਹ CDC ਵਲੋਂ ਪਹਿਲਾਂ ਜਾਰੀ ਕਿੱਤਿਆਂ ਗਈਆਂ ਹਿਦਾਇਤਾਂ ਨਾਲ ਖੁਸ਼ ਨਹੀਂ ਹਨ। 8 ਜੁਲਾਈ ਨੂੰ, ਪ੍ਰੈਸੀਡੈਂਟ ਟਰੰਪ ਨੇ ਟਵੀਟ ਕਿੱਤਾ ਸੀ ਕਿ ਉਹ CDC ਵਲੋਂ ਜਾਰੀ ਕਿੱਤਿਆਂ ਪਹਿਲਾਂ ਵਾਲਿਆਂ ਹਿਦਾਇਤਾਂ ਨਾਲ ਸਹਿਮਤ ਨਹੀਂ ਹਨ ਅਤੇ ਉਹਨਾਂ ਹਿਦਾਇਤਾਂ ਨੂੰ "ਔਖਾ ਅਤੇ ਮਹਿੰਗਾ" ਦੱਸਿਆ ਸੀ। ਪ੍ਰੈਸੀਡੈਂਟ ਟਰੰਪ ਦੀ ਇਸ ਟਿੱਪਣੀ ਤੋਂ ਬਾਅਦ ਵਾਈਸ ਪ੍ਰੈਸੀਡੈਂਟ ਪੈਂਸ ਨੇ ਵਾਇਦਾ ਕੀਤਾ ਸੀ ਕਿ ਨਵੀਆਂ ਹਿਦਾਇਤਾਂ ਜਾਰੀ ਕਿੱਤਿਆਂ ਜਾਣ ਗਿਆਂ। ਮੁੱਢ ਬਣਾਈਆਂ ਗਈਆਂ ਇਹ ਹਿਦਾਇਤਾਂ CDC ਵਲੋਂ ਜਾਰੀ ਹੋਈਆਂ ਪਹਿਲੀਆਂ ਹਿਦਾਇਤਾਂ ਦੀ ਤਰਾਂਹ ਓਹਣੀਆਂ ਸਖ਼ਤ ਨਹੀਂ ਹਨ, ਪਰ ਇਹਨਾਂ ਦੇ ਕੁਝ ਹਿੱਸੇ ਹੁਣ ਵੀ ਖਾਲਸਾ ਸਕੂਲਾਂ ਦੇ ਸੇਵਾਦਾਰਾਂ ਨੂੰ ਇਹ ਸਮਝਣ ਵਿਚ ਮਦਦ ਕਰਨ ਗਿਆਂ ਕਿ ਇਸ ਸਮੇਂ ਵਿਅਕਤੀਗਤ ਕਲਾਸਾਂ ਚਲਾਉਣ ਨਾਲ ਕਿ ਦਿੱਕਤਾਂ ਹੋ ਸਕਦੀਆਂ ਹਨ ਅਤੇ ਚਾਈਲਡ ਕੇਅਰ, ਸਕੂਲ ਵਗੈਰਾਹ ਵਿਚ COVID-19 ਦੇ ਫੈਲਾ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ।
ਗੁਰਦਵਾਰਾ ਸੇਫ਼ਟੀ ਬਾਰੇ ਹੋਰ ਜਾਣਕਾਰੀ ਲੈਣ ਲਈ, ਸਿੱਖ ਕੋਲਿਸ਼ਨ ਵੱਲੋਂ ਕਰਾਇਆ ਗਿਆ ਇਹ ਵੈਬਿਨਾਰ ਜ਼ਰੂਰ ਵੇਖੋ ਜਿਸ ਵਿਚ ਸਿੱਖ ਡਾਕਟਰ, ਹੈਲਥ ਕੇਅਰ ਪੇਸ਼ੇਵਰ ਅਤੇ ਗੁਰਦਵਾਰਿਆਂ ਦੇ ਨੁਮਾਇੰਦੇ ਗੁਰਦਵਾਰਿਆਂ ਨੂੰ ਸੁਰੱਖਿਅਤ ਰੱਖਣ ਬਾਰੇ ਸੁਰੱਖਿਅਕ ਹਿਦਾਇਤਾਂ ਬਾਰੇ ਗੱਲਬਾਤ ਕਰਦੇ ਹਨ। ਗੁਰਦਵਾਰਿਆਂ ਲਈ CDC ਦੀ ਕਿ ਹਿਦਾਇਤਾਂ ਹਨ, ਉਸ ਬਾਰੇ ਤੁਸੀਂ ਅੰਗਰੇਜ਼ੀ ਅਤੇ

ਪੰਜਾਬੀ ਵਿਚ ਜਾਣਕਾਰੀ ਲੈ ਸਕਦੇ ਹੋ। CDC ਨੇ ਧਾਰਮਿਕ ਕਮਿਊਨਿਟੀਆਂ ਲਈ ਕੁਝ ਹੋਰ ਸਲਾਹਾਂ ਵੀ ਦਿੱਤੀਆਂ ਹਨ। ਸਿੱਖ ਕੋਲਿਸ਼ਨ ਵੀ ਹਰ ਸਟੇਟ ਦੀ ਜਾਣਕਾਰੀ ਇਸ ਲਿੰਕ ਤੇ ਇਕੱਠਾ ਕਰਨਾ ਜਾਰੇ ਰੱਖ ਰਹੀ ਹੈ। ਹਮੇਸ਼ਾਂ ਦੀ ਤਰਾਂਹ ਹੋਰ ਜ਼ਰੂਰੀ ਸਰੋਤਾਂ ਅਤੇ ਜਾਣਕਾਰੀ ਲੈਣ ਲਈ, ਕਿਰਪਾ ਕਰ ਕੇ ਸਿੱਖ ਕੋਲਿਸ਼ਨ ਦੀ ਵੈਬਸਾਈਟ ਚੈੱਕ ਕਰੋ।

ਇਹ ਸਮਝਣ ਦੀ ਲੋੜ ਹੈ ਕਿ CDC ਦੀਆਂ ਹਿਦਾਇਤਾਂ, ਸਟੇਟ ਅਤੇ ਲੋਕਲ ਸਲਾਹਾਂ, ਅਤੇ ਸਾਡੇ ਸਰੋਤਾਂ ਦਾ ਇਕੱਠ ਸਾਡੀ ਸੰਗਤ ਦੀ ਸੁਰੱਖਿਆ ਲਈ ਹਨ। ਇਸ ਨਾਲ ਸਾਨੂੰ ਆਪਣੀ ਜਿੰਮੇਵਾਰੀ ਨੂੰ ਨਿਭਾਉਣ ਦੀ ਸਮ੍ਰਥਤਾ ਮਿਲੇਗੀ ਤਾਂ ਜੋ ਅਸੀਂ ਉਹਨਾਂ ਦੀ ਸੇਵਾ ਕਰ ਸਕੀਏ ਜੋ ਕਮਜ਼ੋਰ ਹਨ ਅਤੇ ਜਿਹਨਾਂ ਨੂੰ ਇਸ ਵੇਲੇ ਮਦਦ ਦੀ ਸਭ ਤੋਂ ਵੱਧ ਲੋੜ ਹੈ। ਇਹ ਮਹਾਂਮਾਰੀ ਦਾ ਸਮਾਂ ਬਹੁਤ ਔਖਾ ਹੈ, ਅਤੇ ਸਾਰੀਆਂ ਦੀ ਸਿਹਤ ਅਤੇ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਹੋਏ ਸਾਨੂੰ ਸਹੀ ਫ਼ੈਸਲੇ ਲੈਣੇ ਚਾਹੀਦੇ ਹਨ। ਇਕੱਠੇ ਹੋ ਕੇ ਅਸੀਂ ਇਸ ਮੁਸ਼ਕਿਲ ਦੌਰ ਵਿਚੋਂ ਨਿੱਕਲ ਸਕਦੇ ਹਾਂ ਤਾਂ ਜੋ ਆਪਣੀ ਨਾਰਮਲ ਜ਼ਿੰਦਗੀਆਂ ਵੱਲ ਪਹੁੰਚ ਸਕੀਏ।

ਹਮੇਸ਼ਾਂ ਦੀ ਤਰਾਂਹ ਅਸੀਂ ਤੁਹਾਨੂੰ ਤਾਕੀਦ ਕਰਦੇ ਹਾਂ ਕਿ ਤੁਸੀਂ ਆਪਣੇ ਧਰਮ ਦਾ ਅਭਿਆਸ ਨਿਡਰ ਹੋਕੇ ਕਰੋ।